# ਪੰਜਾਬ ਸਹਿਰੀ ਯਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ.ਐਸ.ਨਗਰ
## ਪਾਲਿਸੀ ਸਾਖਾ

ਸੇਵਾ ਵਿਖੇ

1. ਮੁੱਖ ਪ੍ਰਸਾਸ਼ਕ,
   ਗਮਾਡਾ, ਐਸ.ਏ.ਐਸ.ਨਗਰ।
2. ਮੁੱਖ ਪ੍ਰਸਾਸ਼ਕ,
   ਗਲਾਡਾ, ਲੁਧਿਆਣਾ।
3. ਮੁੱਖ ਪ੍ਰਸਾਸ਼ਕ,
   ਏ.ਡੀ.ਏ., ਅੰਮ੍ਰਿਤਸਰ।
4. ਮੁੱਖ ਪ੍ਰਸਾਸ਼ਕ,
   ਜੇ.ਡੀ.ਏ, ਜਲੰਧਰ।
5. ਮੁੱਖ ਪ੍ਰਸਾਸ਼ਕ,
   ਬੀ.ਡੀ.ਏ., ਬਠਿੰਡਾ।
6. ਮੁੱਖ ਪ੍ਰਸਾਸ਼ਕ,
   ਪੀ.ਡੀ.ਏ., ਪਟਿਆਲਾ।

ਨੰ: ਪੁੱਡਾ-ਪਾਲਿਸੀ-ਸ-5/2015 19580-85 ਮਿਤੀ: 1-9-15

ਵਿਸ਼ਾ: ਰਿਹਾਇਸ਼ੀ/ਕਮਰਸ਼ੀਅਲ/ਇੰਸਟੀਚਿਊਸ਼ਨਲ ਅਤੇ ਚੰਕ ਸਾਈਟਾਂ ਨੂੰ ਬੋਲੀ ਰਾਹੀਂ ਵੇਚਣ ਸਬੰਧੀ ਨਿਰਧਾਰਤ ਕੀਤੀ ਯੋਗਤਾ ਫੀਸ ਵਿੱਚ ਸੋਧ ਕਰਨ ਬਾਰੇ।

ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਦੀ 70 ਵੀ ਮੀਟਿੰਗ ਵਿੱਚ ਮੱਦ ਨੰ: 70.04 ਅਨੁਸਾਰ ਕੀਤੇ ਫੈਸਲੇ ਦੀ ਰੋਸ਼ਨੀ ਵਿੱਚ ਰਿਹਾਇਸ਼ੀ/ਕਮਰਸ਼ੀਅਲ/ਇੰਸਟੀਚਿਊਸ਼ਨਲ ਅਤੇ ਚੰਕ ਸਾਈਟਾਂ ਦੀ ਯੋਗਤਾ ਫੀਸ ਹੇਠ ਲਿਖੇ ਅਨੁਸਾਰ ਨਿਸ਼ਚਿਤ ਕਰਕੇ ਹੋਏ ਇਸ ਦਫਤਰ ਦੇ ਪੱਤਰ ਨੰ:15887-92 ਮਿਤੀ 05-08-2014 ਰਾਹੀਂ ਸੂਚਿਤ ਕੀਤਾ ਗਿਆ ਸੀ:-

| ਲੜੀ ਨੰ: | ਕੈਟਾਗਰੀ | ਯੋਗਤਾ ਫੀਸ |
|---|---|---|
| 1 | ਰਿਹਾਇਸ਼ੀ ਪਲਾਟ | 2,50,000/- ਰੁ. |
| 2 | ਬੂਥ/ਸਿੰਗਲ ਸਟੋਰੀ ਸ਼ਾਪ | 1,00,000/- ਰੁ. |
| 3 | SCO/SCF/Hotel Site/Nursing Home Sites/Group Housing Sites/School Sites and Chunk Sites | ਕੁੱਲ ਰਿਜ਼ਰਵ ਕੀਮਤ ਦਾ 2% ਜਾਂ ਰੁਪਏ 3.00 ਲੱਖ ਜੋ ਵੀ ਜਿਆਦਾ ਹੋਵੇ |

ਹੁਣ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਵਿੱਤ ਤੇ ਲੇਖਾ ਕਮੇਟੀ ਵੱਲੋਂ ਅਪਣੀ 72ਵੀਂ ਮੀਟਿੰਗ ਵਿੱਚ ਫੈਸਲੇ ਸਬੰਧੀ ਮੱਦ ਨੰ: 72.05 ਰਾਹੀਂ ਲਏ ਗਏ ਫੈਸਲੇ ਅਨੁਸਾਰ ਰਿਹਾਇਸ਼ੀ/ਕਮਰਸ਼ੀਅਲ/ਇੰਸਟੀਚਿਊਸ਼ਨਲ ਅਤੇ ਚੰਕ ਸਾਈਟਾਂ ਨੂੰ ਬੋਲੀ ਰਾਹੀਂ ਵੇਚਣ ਸਬੰਧੀ ਨਿਰਧਾਰਤ ਕੀਤੀ ਯੋਗਤਾ ਫੀਸ ਹੇਠ ਲਿਖੇ ਅਨੁਸਾਰ ਸੋਧ ਕੇ ਨਿਰਧਾਰਤ ਕੀਤੀ ਗਈ ਹੈ:-

| ਲੜੀ ਨੰ: | ਕੈਟਾਗਰੀ | ਸਟੇਸ਼ਨ | ਯੋਗਤਾ ਫੀਸ |
|---|---|---|---|
| 1. | ਰਿਹਾਇਸ਼ੀ | (ੳ) ਐਸ.ਏ.ਐਸ. ਨਗਰ<br>ਲੁਧਿਆਣਾ<br>ਜਲੰਧਰ<br>ਅੰਮ੍ਰਿਤਸਰ<br>ਪਟਿਆਲਾ<br>ਬਠਿੰਡਾ। | 2,50,000/- ਰੁ. |
| | | (ਅ) ਉਪਰੋਕਤ ਤੋਂ ਇਲਾਵਾ ਹੋਰ ਸਟੇਸ਼ਨਾਂ ਲਈ | 1,50,000/- ਰੁ. |

| | | | |
|---|---|---|---|
| 2. | ਬੂਥ/ਸਿੰਗਲ ਸਟੋਰੀ ਸ਼ਾਪਸ | ਸਾਰੇ ਸਟੇਸ਼ਨਾਂ ਲਈ | i) 50,000/- ਰੁ. ਜਿੱਥੇ ਰਿਜ਼ਰਵ ਕੀਮਤ 10.00 ਲੱਖ ਰੁ. ਤੱਕ ਹੈ। ii) 1,00,000/- ਰੁ. ਜਿਥੇ ਰਿਜ਼ਰਵ ਕੀਮਤ 10.00 ਲੱਖ ਰੁ. ਤੋਂ ਵਧ ਹੈ। |
| 3. | SCO/SCF/Hotel Site/Nursing Home Site/Group Housing Sites/School Sites and Chunk Sites. | ਸਾਰੇ ਸਟੇਸ਼ਨਾਂ ਲਈ | ਕੁੱਲ ਰਿਜ਼ਰਵ ਕੀਮਤ ਦਾ 2% ਜਾਂ 3.00 ਲੱਖ ਰੁਪਏ ਜੋ ਵੀ ਜਿਆਦਾ ਹੋਵੇ। |

ਇਹ ਆਪ ਜੀ ਦੀ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਅਮਲਾ ਅਫਸਰ(ਪਾਲਿਸੀ)